BRITISH COLUMBIA | HealthLinkBC

Punjabi - Number 81
February 2018

# ਇਮਪੇਟਾਈਗੋ
# Impetigo

## ਇਮਪੇਟਾਈਗੋ (impetigo) ਕੀ ਹੈ?

ਇਮਪੇਟਾਈਗੋ *ਸਟੈਫਲੋਕੋਕਸ ਔਰੀਅਸ* (ਸਟੈਫ) (*Staphylococcus aureus* (staph)) ਬੈਕਟੀਰੀਆ ਜਾਂ ਗਰੁਪ ਏ *ਸਟ੍ਰੈਪਟੋਕੋਕਸ* (ਸਟ੍ਰੈਪ) (group A *Streptococcus* (strep)) ਕਰਕੇ ਹੋਣ ਵਾਲਾ ਚਮੜੀ ਦਾ ਵਿਗਾੜ ਹੈ।ਇਹ ਬਾਲਗਾਂ ਨਾਲੋਂ ਬੱਚਿਆਂ ਵਿੱਚ ਜਿਆਦਾ ਆਮ ਹੈ ਅਤੇ ਅਕਸਰ ਗਰਮੀ ਵਿੱਚ ਵਾਪਰਦਾ ਹੈ। ਇਮਪੇਟਾਈਗੋ ਆਮਤੌਰ ਤੇ ਉਸ ਵੇਲੇ ਹੁੰਦਾ ਹੈ ਜਦੋਂ ਬੈਕਟੀਰੀਆ ਚਮੜੀ ਵਿਚਲੀਆਂ ਪਾਟਾਂ ਜਿਵੇਂ ਕਿ ਝਰੀਟਾਂ, ਠੰਡ ਕਰਕੇ ਹੋਣ ਵਾਲੇ ਜ਼ਖਮਾਂ (cold sores), ਕੀੜਿਆਂ ਤੇ ਕੱਟਣ ਜਾਂ ਐਗਜ਼ੀਮਾ (eczema) ਦੇ ਪੈਚਾਂ ਰਾਹੀਂ ਸਰੀਰ ਵਿੱਚ ਦਾਖਲ ਹੋ ਜਾਂਦੇ ਹਨ।

## ਲੱਛਣ ਕੀ ਹਨ?

ਇਮਪੇਟਾਈਗੋ ਵਾਲੇ ਬੱਚੇ ਨੂੰ ਚਮੜੀ ਦਾ ਰੈਸ਼ ਹੋਏਗਾ ਜਿਹੜਾ ਛੋਟੇ ਛਾਲਿਆਂ ਜਾਂ ਲਾਲ ਗੜੂੰਮਾਂ (bumps) ਦੇ ਸਮੂਹ ਵਰਗਾ ਲਗਦਾ ਹੈ। ਇਹ ਛਾਲੇ ਉਭਰਨ ਤੋਂ ਬਾਅਦ ਅਕਸਰ ਫਟ ਜਾਂਦੇ ਹਨ, ਅਤੇ ਦ੍ਰਵ ਬਾਹਰ ਨਿਕਲ ਆਂਦਾ ਹੈ। ਜਦੋਂ ਦ੍ਰਵ ਸੁੱਕ ਜਾਂਦਾ ਹੈ, ਤਾਂ ਛਾਲੇ ਪੀਲੇ ਜਾਂ ਸਲੇਟੀ ਰੰਗ ਦੀ ਪਰਤ ਦੇ ਨਾਲ ਢੱਕ ਜਾਂਦੇ ਹਨ। ਛਾਲਿਆਂ ਵਾਲੀ ਜਗ੍ਹਾ ਦੇ ਆਲੇ ਦੁਆਲੇ ਅਕਸਰ ਲਾਲੀ ਹੋਏਗੀ। ਜੇ ਇਸ ਰੈਸ਼ ਦਾ ਇਲਾਜ ਨਹੀਂ ਕੀਤਾ ਜਾਂਦਾ ਤਾਂ ਉਹ ਫੈਲ ਜਾਏਗਾ।

ਇਹ ਰੈਸ਼ ਆਮਤੌਰ ਤੇ ਨੱਕ, ਮੂੰਹ ਅਤੇ ਚਿਹਰੇ ਦੇ ਦੂਸਰੇ ਹਿੱਸਿਆਂ ਦੇ ਆਸੇ ਪਾਸੇ ਦਿਖਾਈ ਦਿੰਦਾ ਹੈ। ਇਹ ਕਪੜਿਆਂ ਨਾਲ ਨਾ ਢੱਕੀ ਹੋਈ ਚਮੜੀ, ਜਿਵੇਂ ਕਿ ਬਾਹਵਾਂ ਅਤੇ ਲੱਤਾਂ ਤੇ ਵੀ ਉਭਰ ਸਕਦਾ ਹੈ।

ਇਮਪੇਟਾਈਗੋ ਦੇ ਗੰਭੀਰ ਕੇਸਾਂ ਵਿੱਚ ਮੂੰਹ ਜਾਂ ਗਲੇ ਵਿੱਚਲੇ ਲਿੰਫ ਗਲੈਂਡਾਂ (lymph glands) ਤੇ ਸੋਜ, ਤੀਬਰ ਦਰਦ, ਬਦਤਰ ਹੁੰਦੀ ਹੋਈ ਲਾਲੀ, ਕਮਜ਼ੋਰੀ ਅਤੇ ਬੁਖਾਰ ਹੋ ਸਕਦਾ ਹੈ।ਜੇ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਇਹ ਲੱਛਣ ਹਨ, ਉਨ੍ਹਾਂ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਚਰਚਾ ਕਰੋ।

## ਕੀ ਇਮਪੇਟਾਈਗੋ (impetigo) ਗੰਭੀਰ ਹੈ?

ਇਮਪੇਟਾਈਗੋ ਆਮਤੌਰ ਤੇ ਇੱਕ ਹਲਕਾ ਵਿਗਾੜ ਹੁੰਦਾ ਹੈ। ਇਮਪੇਟਾਈਗੋ ਵਾਲੇ ਬੱਚਿਆਂ ਨੂੰ ਕਦੇ ਕਦੇ ਹੋਣ ਵਾਲੀ ਖਾਰਸ਼ ਤੋਂ

ਇਲਾਵਾ ਘੱਟ ਹੀ ਤਕਲੀਫ ਹੋਏਗੀ। ਵਿਰਲੇ ਕੇਸਾਂ ਵਿੱਚ, ਇਮਪੇਟਾਈਗੋ ਦਾ ਕਾਰਨ ਬਣਨ ਵਾਲੇ ਬੈਕਟੀਰੀਆ ਬਲੱਡਸਟ੍ਰੀਮ ਵਿੱਚ ਦਾਖਲ ਹੋ ਸਕਦੇ ਹਨ ਅਤੇ ਉਸ ਕਰਕੇ ਗੁਰਦਿਆਂ ਦੀ ਬੀਮਾਰੀ ਹੋ ਸਕਦੀ ਹੈ।

## ਇਹ ਕਿਵੇਂ ਫੈਲਦਾ ਹੈ?

ਇਮਪੇਟਾਈਗੋ ਬਹੁਤ ਹੀ ਛੂਤਕਾਰੀ ਹੈ ਅਤੇ ਵਿਅਕਤੀ ਤੋਂ ਵਿਅਕਤੀ ਤੱਕ ਚਮੜੀ ਤੋਂ ਚਮੜੀ ਦੇ ਸੰਪਰਕ ਰਾਹੀਂ ਅਸਾਨੀ ਨਾਲ ਫੈਲਦਾ ਹੈ। ਉਦਾਹਰਣ ਲਈ, ਜਦੋਂ ਕੋਈ ਰੈਸ਼ ਨੂੰ ਆਪਣੇ ਹੱਥ ਨਾਲ ਛੂੰਹਦਾ ਹੈ ਅਤੇ ਫਿਰ ਦੂਸਰੇ ਵਿਅਕਤੀ ਨੂੰ ਛੂੰਹਦਾ ਹੈ ਤਾਂ ਵਿਗਾੜ ਫੈਲ ਸਕਦਾ ਹੈ। ਇਮਪੇਟਾਈਗੋ ਬੈਕਟੀਰੀਆ ਨਾਲ ਦੂਸ਼ਿਤ ਵਸਤੂਆਂ ਨੂੰ ਛੂਹਣ ਨਾਲ ਵੀ ਫੈਲ ਸਕਦਾ ਹੈ।ਤੁਹਾਡੇ ਵਿਗਾੜਗ੍ਰਸਤ ਹੋਣ ਤੋਂ ਬਾਅਦ ਰੈਸ਼ ਨੂੰ ਉਭਰਨ ਵਿੱਚ 1 ਤੋਂ ਲੈਕੇ 10 ਦਿਨ ਤੱਕ ਲਗ ਸਕਦੇ ਹਨ।

ਜਦੋਂ ਪਰਿਵਾਰ ਦੇ ਕਿਸੇ ਮੈਂਬਰ ਜਾਂ ਤੁਹਾਡੇ ਜਾਣ ਪਛਾਣ ਦੇ ਕਿਸੇ ਵਿਅਕਤੀ ਨੂੰ ਇਮਪੇਟਾਈਗੋ ਹੈ ਤਾਂ ਤੁਹਾਨੂੰ ਚੰਗੀ ਨਿਜੀ ਸਫਾਈ ਦਾ ਅਭਿਆਸ ਕਰਨਾ ਚਾਹੀਦਾ ਹੈ।ਰੈਸ਼ ਨੂੰ ਛੂਹਣ ਤੋਂ ਬਾਅਦ ਹੱਥ ਧੋਣਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਮਪੇਟਾਈਗੋ ਹੱਥ ਨਾਲ ਹੱਥ ਦੇ ਸੰਪਰਕ ਨਾਲ ਅਸਾਨੀ ਨਾਲ ਫੈਲਦਾ ਹੈ। ਹੋਰ ਜਾਣਕਾਰੀ ਲਈ, HealthLinkBC File #85 ਹੱਥ ਧੋਣਾ:ਰੋਗਾਣੂਆਂ ਨੂੰ ਫੈਲਣ ਤੋਂ ਰੋਕਣ ਵਿੱਚ ਸਹਾਇਤਾ ਕਰੋ ਦੇਖੋ।

ਇਮਪੇਟਾਈਗੋ ਵਾਲੇ ਬੱਚੇ ਨੂੰ ਕਿਸੀ ਵੀ ਹੋਰ ਵਿਅਕਤੀ ਦੇ ਨਾਲ ਤੌਲੀਏ, ਕਪੜੇ, ਮੂੰਹ ਪੂੰਝਣ ਵਾਲੇ ਤੌਲੀਏ, ਬਿਸਤਰੇ, ਖਿਡੌਣੇ ਜਾਂ ਨਿਜੀ ਵਸਤੂਆਂ, ਜਿਵੇਂ ਕਿ ਕੰਘੀਆਂ ਜਾਂ ਬਰੱਸ਼, ਸਾਂਝੀਆਂ ਨਹੀਂ ਕਰਨੀਆਂ ਚਾਹੀਦੀਆਂ।

## ਜੇ ਮੈਂ ਸੋਚਦਾ/ਸੋਚਦੀ ਹਾਂ ਕਿ ਮੇਰੇ ਬੱਚੇ ਨੂੰ ਇਮਪੇਟਾਈਗੋ (impetigo) ਹੈ ਤਾਂ ਕੀ?

ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਬੱਚੇ ਨੂੰ ਇਮਪੇਟਾਈਗੋ ਹੈ, ਤਾਂ ਉਨ੍ਹਾਂ ਨੂੰ ਕਿਸੇ ਸਿਹਤ ਸੰਭਾਲ ਪ੍ਰਦਾਤਾ ਕੋਲ ਲੈਕੇ ਜਾਓ।

ਆਪਣੀ ਅਤੇ ਆਪਣੀ ਦੂਸਰੇ ਬੱਚਿਆਂ ਦੀ ਇਮਪੇਟਾਈਗੋ ਵਾਲੇ ਬੱਚਿਆਂ ਦੇ ਨਾਲ ਸੰਪਰਕ ਤੋਂ ਰੱਖਿਆ ਕਰਨ ਬਾਰੇ ਸਾਵਧਾਨ ਰਹੋ।

ਜੇ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨੂੰ ਪਤਾ ਲਗਦਾ ਹੈ ਕਿ ਤੁਹਾਡੇ ਬੱਚੇ ਨੂੰ ਇਮਪੇਟਾਈਗੋ ਹੈ, ਤਾਂ ਉਸ ਦਾ ਇਲਾਜ ਐਂਟੀਬਾਇਓਟਿਕ ਕ੍ਰੀਮ ਦੇ ਨਾਲ ਅਸਾਨੀ ਨਾਲ ਕੀਤਾ ਜਾ ਸਕਦਾ ਹੈ। ਜਿਆਦਾ ਗੰਭੀਰ ਕੇਸਾਂ ਵਿੱਚ, ਜਿਥੇ ਰੈਸ਼ ਸਰੀਰ ਦੇ ਵੱਡੇ ਹਿੱਸਿਆਂ ਤੇ ਫੈਲ ਜਾਂਦਾ ਹੈ, ਮੂੰਹ ਰਾਹੀਂ ਲਏ ਜਾਣ ਵਾਲੇ ਐਂਟੀਬਾਇਓਟਿਕ ਨਿਰਦਿਸ਼ਟ ਕੀਤੇ ਜਾ ਸਕਦੇ ਹਨ। ਮਹੱਤਵਪੂਰਨ ਹੈ ਕਿ ਤੁਹਾਡਾ ਬੱਚਾ ਨਿਰਦਿਸ਼ਟ ਕੀਤੇ ਗਏ ਐਂਟੀਬਾਇਓਟਿਕ ਉਨ੍ਹਾਂ ਸਾਰਿਆਂ ਦੇ ਖਤਮ ਹੋ ਜਾਣ ਤੱਕ ਲੈਂਦਾ ਰਹੇ, ਜੇ ਰੈਸ਼ ਖਤਮ ਹੋ ਗਿਆ ਹੈ ਤਾਂ ਵੀ।

ਇਲਾਜ ਦੇ ਨਾਲ, ਇਮਪੇਟਾਈਗੋ ਲਗਭਗ 7 ਦਿਨਾਂ ਵਿੱਚ ਠੀਕ ਹੋ ਜਾਣਾ ਚਾਹੀਦਾ ਹੈ।

## ਮਾਤਾ-ਪਿਤਾ ਕਿਵੇਂ ਸਹਾਇਤਾ ਕਰ ਸਕਦੇ ਹਨ?

**ਆਪਣੇ ਬੱਚੇ ਨੂੰ ਘਰ ਰੱਖੋ।**
ਇਮਪੇਟਾਈਗੋ ਡੇਕੇਅਰਾਂ, ਸਕੂਲਾਂ ਅਤੇ ਗਰਮੀ ਦੇ ਕੈਂਪਾਂ ਵਿੱਚ ਅਸਾਨੀ ਨਾਲ ਫੈਲ ਜਾਂਦਾ ਹੈ। ਇਮਪੇਟਾਈਗੋ ਵਾਲੇ ਬੱਚੇ ਨੂੰ ਘਰ ਰਹਿਣਾ ਚਾਹੀਦਾ ਹੈ।

**ਇਮਪੇਟਾਈਗੋ ਵਾਲੇ ਬੱਚਿਆਂ ਦੇ ਨਾਲ ਸੰਪਰਕ ਨੂੰ ਸੀਮਿਤ ਕਰੋ।**
ਜੇ ਤੁਸੀਂ ਇਮਪੇਟਾਈਗੋ ਵਾਲੇ ਕਿਸੇ ਹੋਰ ਬੱਚੇ ਨੂੰ ਜਾਣਦੇ ਹੋ, ਤਾਂ ਤੁਹਾਨੂੰ ਆਪਣੇ ਬੱਚਿਆਂ ਵਿੱਚ ਲੱਛਣਾਂ ਲਈ ਧਿਆਨ ਰੱਖਣਾ ਚਾਹੀਦਾ ਹੈ, ਅਤੇ ਉਨ੍ਹਾਂ ਦੇ ਨਾਲ ਆਪਣੇ ਬੱਚੇ ਦੇ ਸੰਪਰਕ ਨੂੰ ਸੀਮਿਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**ਆਪਣੇ ਹੱਥ ਧੋਵੋ।**
ਜੇ ਤੁਹਾਡੇ ਬੱਚੇ ਨੂੰ ਇਮਪੇਟਾਈਗੋ ਹੋ ਜਾਂਦਾ ਹੈ, ਤਾਂ ਤੁਹਾਡੇ ਘਰ ਵਿੱਚ ਸਾਰਿਆਂ ਨੂੰ ਆਪਣੇ ਹੱਥ ਚੰਗੀ ਤਰ੍ਹਾਂ ਅਤੇ ਅਕਸਰ ਧੋਣ ਦੀ ਲੋੜ ਹੋਵੇਗੀ, ਖਾਸ ਕਰਕੇ ਕਿਸੇ ਸਰੀਰਕ ਸੰਪਰਕ ਤੋਂ ਬਾਅਦ।

**ਕਪੜਿਆਂ ਅਤੇ ਬਿਸਤਰਿਆਂ ਨੂੰ ਵੱਖਰਾ ਵੱਖਰਾ ਧੋਵੋ।**
ਜੇ ਤੁਹਾਡੇ ਬੱਚੇ ਨੂੰ ਇਮਪੇਟਾਈਗੋ ਹੈ, ਤਾਂ ਉਨ੍ਹਾਂ ਦੇ ਕਪੜਿਆਂ ਅਤੇ ਬਿਸਤਰਿਆਂ ਨੂੰ ਦੂਸਰਿਆਂ ਤੋਂ ਵੱਖਰਾ ਧੋਣਾ ਮਹੱਤਵਪੂਰਨ ਹੈ। ਕਪੜੇ ਧੋਣ ਲਈ ਗਰਮ ਪਾਣੀ ਵਰਤੋ, ਅਤੇ ਚੀਜ਼ਾਂ ਨੂੰ ਗਰਮ ਡਰਾਇਰ ਵਿੱਚ ਸੁਕਾਓ।

**ਆਪਣੇ ਬੱਚੇ ਨੂੰ ਜ਼ਖਮਾਂ ਨੂੰ ਛੂਹਣ ਜਾਂ ਖਾਰਸ਼ ਕਰਨ ਤੋਂ ਮਨ੍ਹਾਂ ਕਰੋ।**
ਇਮਪੇਟਾਈਗੋ ਵਾਲੇ ਬੱਚਿਆਂ ਨੂੰ ਉਨ੍ਹਾਂ ਦੇ ਜ਼ਖਮਾਂ ਨੂੰ ਛੂਹਣ ਜਾਂ ਖਾਰਸ਼ ਨਾ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੀਆਂ ਉਗਲੀਆਂ ਦੇ ਨਹੁੰਆਂ ਨੂੰ ਛੋਟਾ ਅਤੇ ਸਾਫ ਰੱਖੋ। ਉਨ੍ਹਾਂ ਦੀ ਅਕਸਰ ਉਨ੍ਹਾਂ ਦੇ ਹੱਥ ਧੋਣ ਵਿੱਚ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ।

ਜਿਵੇਂ ਜਿਵੇਂ ਬੀਮਾਰੀ ਵਿਕਸਤ ਹੁੰਦੀ ਹੈ, ਚਮੜੀ ਦੇ ਉੱਤੇ ਦੀਆਂ ਉਤਰ ਰਹੀਆਂ ਪਪੜੀਆਂ ਨੂੰ ਨਿੱਘੇ ਗਿੱਲੇ ਫੇਸਕਲੌਥ ਦੇ ਨਾਲ 15 ਤੋਂ 20 ਮਿੰਟਾਂ ਲਈ ਸੇਖਿਆ ਜਾ ਸਕਦਾ ਹੈ, ਅਤੇ ਫਿਰ ਸਾਬਣ ਅਤੇ ਪਾਣੀ ਦੇ ਨਾਲ ਨਰਮੀ ਨਾਲ ਧੋਇਆ ਅਤੇ ਹਲਕੇ ਹੱਥ ਨਾਲ ਸੁਕਾਇਆ ਜਾ ਸਕਦਾ ਹੈ।

## ਮੇਰਾ ਬੱਚਾ ਕਦੋਂ ਸਕੂਲ ਜਾਂ ਡੇਕੇਅਰ ਵਾਪਸ ਜਾ ਸਕਦਾ ਹੈ?

ਤੁਹਾਡਾ ਬੱਚਾ ਆਮਤੌਰ ਤੇ 24 ਘੰਟਿਆਂ ਦੇ ਐਂਟੀਬਾਇਓਟਿਕ ਇਲਾਜ ਤੋਂ ਬਾਅਦ ਸਕੂਲ ਜਾਂ ਡੇਕੇਅਰ ਵਾਪਸ ਜਾ ਸਕਦਾ ਹੈ। ਇਹ ਇਮਪੇਟਾਈਗੋ ਨੂੰ ਦੂਸਰੇ ਬੱਚਿਆਂ ਤੱਕ ਫੈਲਾਉਣ ਦੇ ਸੰਜੋਗ ਨੂੰ ਘਟਾਏਗਾ।

BC Centre for Disease Control
An agency of the Provincial Health Services Authority